# ਗੁਰੂ ਨਾਨਕ: ਵਿਸ਼ਵ ਸ਼ਾਂਤੀ ਅਤੇ ਮਨੁੱਖੀ ਭਾਈਚਾਰੇ ਦਾ ਸਿਧਾਂਤ

**ਡਾ. ਸੁਖਵਿੰਦਰ ਕੌਰ, ਮੁਖੀ ਇਤਿਹਾਸ ਵਿਭਾਗ,**

**ਗੁਰੂ ਨਾਨਕ ਕਾਲਜ ਬੁਢਲਾਡਾ**

ਗੁਰੂ ਨਾਨਕ ਦੇਵ ਜੀ ਦਾ ਆਗਮਨ ਨਾ ਕੇਵਲ ਪੰਜਾਬ ਜਾਂ ਭਾਰਤ ਸਗੋਂ ਸਾਰੇ ਸੰਸਾਰ ਵਿਚ ਇਕ ਪਰਿਵਰਤਨ ਦਾ ਆਰੰਭ ਸੀ। ਗੁਰੂ ਸਾਹਿਬ ਜੀ ਨੇ ਉਸ ਸਮੇਂ ਦੀ ਮਧਕਾਲੀਨ ਸੋਚ ਵਿਚ ਮਹਾਨ ਤਬਦੀਲੀ ਲੈ ਕੇ ਆਂਦੀ। ਮਨੁੱਖ ਦਾ ਜੀਵਨ ਮੰਤਵ ਕੀ ਹੈ ਅਤੇ ਇਸ ਦੀ ਪ੍ਰਾਪਤੀ ਕਿਵੇਂ ਹੋਣੀ ਹੈ- ਇਸ ਵਿਚ ਸਪਸ਼ਟਤਾ ਪੈਦਾ ਕਰਨੀ, ਗੁਰੂ ਸਾਹਿਬ ਜੀ ਦੀ ਮਹਾਨ ਪ੍ਰਾਪਤੀ ਸੀ। ਗੁਰੂ ਜੀ ਨੇ ਮਾਨਵਤਾ ਨੂੰ ਬਹੁਦੇਵੀਵਾਦ ਤੇ ਮਰੂਤੀ ਪੂਜਾ ਵਰਗੇ ਪਾਖੰਡਾਂ ਵਿਚੋਂ ਕੱਢ ਕੇ ਇਕੋ-ਇਕ ਪਰਮ ਹਸਤੀ ਦਾ ਅਹਿਸਾਸ ਕਰਵਾਇਆ ਅਤੇ ਇਸ ਦੀ ਪ੍ਰਾਪਤੀ ਅਤੇ ਧਾਰਮਿਕ ਜੀਵਨ ਬਤੀਤ ਕਰਨ ਲਈ ਕਰਮਕਾਂਡ ਰਹੁਰੀਤਾਂ, ਅੰਧ-ਵਿਸ਼ਵਾਸ਼, ਵਹਿਮਾਂ-ਭਰਮਾਂ ਤੇ ਪਾਖੰਡਾਂ ਦੀ ਥਾਂ ਨੈਤਿਕ ਨਿਯਮਾਂ ਦੀ ਪਾਲਣਾ, ਪ੍ਰਭੂ ਦੀ ਕਿਰਪਾ ਪ੍ਰਾਪਤੀ ਲਈ ਨਾਮ ਸਾਧਨਾ ਦਾ ਮਾਰਗ ਦਰਸਾਇਆ।

ਗੁਰੂ ਸਾਹਿਬ ਜੀ ਨੇ ਕੇਵਲ ਬਾਣੀ ਹੀ ਨਹੀਂ ਰਚੀ ਸਗੋਂ ਮਹਾਨ ਸਮਾਜ ਸੁਧਾਰਕ ਵਜੋਂ ਲੋਕ-ਚੇਤਨਾ ਜਗਾਈ ਅਤੇ ਸਾਰੀ ਲੋਕਾਈ ਨੂੰ ਸੱਚ ਦੇ ਮਾਰਗ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਉਦਾਸੀਆਂ ਵਿਚ ਬਹੁਤ ਦੂਰ-ਦੂਰ ਥਾਂਵਾਂ 'ਤੇ ਯਾਤਰਾ ਕਰਕੇ ਵਿਚਾਰ-ਵਟਾਂਦਰਾਂ,ਗੋਸ਼ਟਾਂ ਅਤੇ ਸੰਵਾਦ ਰਚਾਇਆ। ਗੁਰੂ ਸਾਹਿਬ ਜੀ ਮਨੁੱਖ ਨੂੰ ਪਰਮਾਤਮਾ ਵਾਂਗ ਹੀ 'ਸਚਿਆਰ' ਬਣਾਉਣਾ ਲੋਚਦੇ ਹਨ। ਗੁਰੂ ਜੀ ਸਿੱਖ ਦਰਸ਼ਨ ਦੇ ਸਿਰਜਕ ਅਤੇ ਸੂਤਰਦਾਰ ਹਨ। ਆਪ ਜੀ ਨੇ ਆਪਣੀ ਬਾਣੀ ਦੇ ਮਾਧਿਅਮ ਰਾਹੀਂ ਗੁਰਮਤਿ ਦਰਸ਼ਨ, ਨੈਤਿਕਤਾ, ਸ੍ਰਿਸ਼ਟੀ ਰਚਨਾ ਅਤੇ ਪਰਾਭੌਤਿਕੀ ਬਾਰੇ ਆਪਣੇ ਵਿਚਾਰਾਂ ਨੂੰ ਬੜੇ ਸਪੱਸ਼ਟ ਸ਼ਬਦਾਂ ਅਤੇ ਭਾਵਪੂਰਤ ਢੰਗ ਨਾਲ ਅਭਿਵਿਅਕਤ ਕੀਤਾ ਹੈ।

ਗੁਰੂ ਸਾਹਿਬ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਉਹਨਾਂ ਦੀ ਬਾਣੀ ਵਿਚ ਅੰਕਿਤ ਸਿਧਾਂਤਕ ਵਿਚਾਰਾਂ ਦੇ ਵਿਸ਼ਲੇਸ਼ਣ ਅਤੇ ਵਰਗੀਕਰਨ ਦੁਆਰਾ ਹੀ ਠੀਕ ਰੂਪ ਵਿਚ ਸਮਝਿਆ ਜਾ ਸਕਦਾ ਹੈ। ਗੁਰੂ ਨਾਨਕ

ਬਾਣੀ ਵਿਚ ਪੇਸ਼ ਹੋਏ ਵਿਚਾਰਾਂ ਵਿਚੋਂ ਅਕਾਲ ਪੁਰਖ਼, ਸਿਸ਼੍ਰਟੀ ਰਚਨਾ, ਜੀਵਾਤਮਾ, ਕਰਮ ਸਿਧਾਂਤ, ਆਵਾਗਵਣ, ਮੁਕਤੀ, ਸਤਿਗੁਰੂ, ਗੁਰਸਿੱਖ ਦਾ ਆਚਾਰ ਵਿਹਾਰ, ਵਿਸ਼ਵ ਸ਼ਾਂਤੀ, ਮਨੁੱਖੀ ਭਾਈਚਾਰਕ ਸਾਂਝ ਆਦਿ ਪ੍ਰਮੁੱਖ ਸੰਕਲਪ ਹਨ, ਜਿਨ੍ਹਾਂ ਉੱਤੇ ਵਿਚਾਰ ਕਰਨੀ ਚਾਹੀਦੀ ਹੈ। ਵਰਤਮਾਨ ਸਮੇਂ ਵਿਚ ਸਾਡੀਆਂ ਨਰੋਈਆਂ ਸਭਿਆਚਾਰਿਕ ਕਦਰਾਂ-ਕੀਮਤਾਂ ਢਹਿ-ਢੇਰੀ ਹੋ ਰਹੀਆਂ ਹਨ ਅਤੇ ਉਹਨਾਂ ਦੀ ਜਗ੍ਹਾ ਵਿਨਾਸ਼ਕਾਰੀ ਅਤੇ ਅਮਾਨਵੀ ਮੁੱਲ ਹਾਵੀ ਹੁੰਦੇ ਜਾ ਰਹੇ ਹਨ। ਇਹੋ ਕਾਰਨ ਹੈ ਕਿ ਮਾਇਆ ਅਰਜਿਤ ਕਰਨ ਦੀ ਹਵਸ ਅਤੇ ਲਾਲਚ ਨੇ ਅਜੋਕੇ ਵਿਅਕਤੀ ਨੂੰ ਹਿੰਸਕ ਅਤੇ ਧਾੜਵੀ ਬਣਾ ਦਿੱਤਾ ਹੈ। ਗੁਰਮਤਿ ਦਰਸ਼ਨ ਅਤੇ ਗੁਰਬਾਣੀ ਸਮੁੱਚੇ ਮਾਨਵੀ ਸਮਾਜ ਨੂੰ ਸਹੀ ਸੇਧ ਪ੍ਰਦਾਨ ਕਰ ਸਕਦੀ ਹੈ। ਗੁਰੂ ਨਾਨਕ ਸਾਹਿਬ ਦੀ ਮਹਾਨ ਰਚਨਾ ਵਿਚੋਂ ਸਹਿਜ ਗਿਆਨ ਪ੍ਰਾਪਤ ਕਰ ਕੇ ਅਸੀਂ ਸਚਿਆਰੇ ਵਿਅਕਤੀ ਬਣ ਸਕਦੇ ਹਾਂ।

ਭਾਰਤੀ ਚਿੰਤਨ ਅਨੁਸਾਰ ਸੰਤਾਂ, ਮਹਾਂਪੁਰਸ਼ਾਂ ਦਾ ਆਗਮਨ ਮਨੁੱਖੀ ਜੀਵਨ ਨੂੰ ਗਿਰਾਵਟ ਵੱਲ ਲੈ ਕੇ ਜਾਣ ਵਾਲੇ ਪੱਖਾਂ ਨੂੰ ਖ਼ਤਮ ਕਰਨ ਲਈ ਹੁੰਦਾ ਹੈ। ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਇਸੇ ਧਾਰਨਾ ਅਨੁਸਾਰ 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਵੱਲ ਸੰਕੇਤ ਕਰਦਾ ਹੈ। ਇਸ ਤਰ੍ਹਾਂ ਦੇ ਮਹਾਂਪੁਰਸ਼ ਲੋਕਾਈ ਦਾ ਮਾਰਗ ਦਰਸ਼ਨ ਕਰਦੇ ਹਨ। ਇਹ ਮਾਰਗ ਦਰਸ਼ਨ ਪਿਆਰ ਦੇ ਜ਼ਰੀਏ ਨਵੇਂ ਆਦਰਸ਼ਾਂ ਦੀ ਸਥਾਪਨਾ ਕਰਕੇ ਸੰਸਾਰ ਨੂੰ ਗਿਆਨ ਦੀ ਰੌਸ਼ਨੀ ਪ੍ਰਦਾਨ ਕਰਦੇ ਹਨ।

ਗੁਰੂ ਜੀ ਦੀ ਬਾਣੀ ਵਿਚ ਸਾਰੀ ਕਾਇਨਾਤ ਦਾ ਸੱਚ ਹੈ। ਗੁਰੂ ਜੀ ਦੇ ਸ਼ਬਦਾਂ ਵਿਚ ਦੁਨੀਆਂ ਵਿਚ ਵਸਦੇ ਕਿਸੇ ਮਨੁੱਖ ਲਈ ਕੋਈ ਵੀ ਸ਼ਬਦ ਓਪਰਾ ਨਹੀਂ ਹੈ। ਜੇ ਇੰਨੇ ਸੌਖੇ ਸ਼ਬਦਾਂ ਦੇ ਅਰਥ ਵੀ ਅਸੀਂ ਨਹੀਂ ਸਮਝਾਂਗੇ ਤਾਂ ਫਿਰ ਕੁਦਰਤ ਨਾਲ ਨੇੜਤਾ ਕਿਵੇਂ ਬਣੇਗੀ। ਸਾਨੂੰ ਜਿੱਥੇ ਆਪਣੇ ਆਪ ਨੂੰ ਕੁਦਰਤ ਨਾਲ ਫਿਰ ਤੋਂ ਜੋੜਨਾ ਪਵੇਗਾ, ਉਥੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਕੁਦਰਤ ਦਾ ਸਤਿਕਾਰ ਕਰਨ ਅਤੇ ਕੁਦਰਤ ਦੇ ਅਨੁਕੂਲ ਚੱਲਣ ਲਈ ਪ੍ਰੇਰਨਾ ਪਵੇਗਾ। ਗੁਰੂ ਨਾਨਕ ਦੇਵ ਜੀ ਸੱਚੇ ਅਰਥਾਂ ਵਿਚ ਵਾਤਾਵਰਨ ਪ੍ਰੇਮੀ ਸਨ। ਜਿੱਥੇ ਉਹਨਾਂ ਨੇ ਵਾਤਾਵਰਨ ਸੰਬੰਧੀ ਧਾਰਨਾਵਾਂ ਪੇਸ਼ ਕੀਤੀਆਂ, ਉਥੇ ਹੀ ਆਪਣੇ ਵੱਲੋਂ ਉਸਾਰੇ ਗਏ ਸਿਧਾਂਤਾਂ 'ਤੇ ਅਮਲ ਵੀ ਕੀਤਾ। ਗੁਰੂ ਜੀ ਦੀ ਬਾਣੀ ਵਿਚ ਵਾਤਾਵਰਨ ਸੰਬੰਧੀ

ਪੱਖ ਅਤੇ ਸੁਨੇਹੇ ਬਹੁਤ ਨੇੜੇ ਹੋ ਕੇ ਉੱਭਰਦੇ ਹਨ। ਨਾਨਕ ਬਾਣੀ ਨੇ ਕੁਦਰਤ ਅਤੇ ਮਨੁੱਖ ਦਾ ਮੁੱਢ ਕਦੀਮੀ ਰਿਸ਼ਤਾ ਪ੍ਰਚੱਲਿਤ ਦ੍ਰਿਸ਼ਟੀਕੋਣ ਤੋਂ ਵੱਖਰੇ ਰੂਪ ਵਿਚ ਪੇਸ਼ ਕੀਤਾ ਹੈ।

ਸਾਰੇ ਦੇਸ਼ਾਂ ਦੇ ਲੋਕਾਂ ਦੇ ਵਿਚ ਆਜ਼ਾਦੀ, ਸਦਭਾਵਨਾ, ਸ਼ਾਂਤੀ ਅਤੇ ਖੁਸ਼ਹਾਲੀ ਵਾਲੀ ਆਦਰਸ਼ ਹਾਲਤ ਦੀ ਸਥਾਪਨਾ ਦਾ ਨਾਂ ਹੀ ਵਿਸਵ ਸ਼ਾਂਤੀ ਹੈ। ਹਿੰਸਾ ਤੋਂ ਮੁਕਤ ਵਿਸ਼ਵ ਸ਼ਾਂਤੀ ਦਾ ਇਹ ਆਦਰਸ਼, ਲੋਕਾਂ ਅਤੇ ਕੌਮਾਂ ਨੂੰ ਸਵੈ-ਇਛੁੱਕ ਰੂਪ ਵਿਚ ਯੁੱਧ ਰੋਕਣ ਦਾ ਅਧਾਰ ਪ੍ਰਦਾਨ ਕਰਦਾ ਹੈ। ਬੇਸ਼ੱਕ ਵੱਖੋ-ਵੱਖਰੇ ਧਰਮਾਂ, ਸਭਿਆਚਾਰਾਂ, ਫ਼ਲਸਫ਼ਿਆਂ ਤੇ ਸੰਸਥਾਵਾਂ ਦੇ ਅਜਿਹੀ ਆਦਰਸ਼ ਹਾਲਤ ਦੀ ਸਥਾਪਨਾ ਬਾਰੇ ਵਿਚਾਰ ਭਿੰਨ-ਭਿੰਨ ਹੋ ਸਕਦੇ ਹਨ, ਪਰ ਉਨ੍ਹਾਂ ਸਭ ਦਾ ਇਕ ਸਾਂਝਾ ਵਿਚਾਰ ਤਾਂ ਇਹੋ ਹੀ ਹੈ ਕਿ ਧਰਤ-ਵਾਸੀ ਸਮੂਹ ਕੌਮਾਂ ਵਿਚ ਜੰਗ ਦੇ ਹਾਲਾਤ ਖ਼ਤਮ ਹੋਣੇ ਚਾਹੀਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸ਼ਵ ਭਰ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਦੀ ਸਥਾਪਨਾ ਲਈ ਸੁਯੋਗ ਰਾਹਨੁਮਈ ਪ੍ਰਦਾਨ ਕਰਨ ਵਾਲਾ ਇਕ ਵੱਡਮੁੱਲਾ ਗ੍ਰੰਥ ਹੈ। ਇਸ ਵਿਚ ਮੌਜੂਦ ਸਿਧਾਂਤ ਸਮੂਹ ਮਾਨਵਤਾ ਲਈ ਅਮਲਯੋਗ ਹਨ ਤੇ ਜੋ ਅਜੋਕੇ ਸਮੇਂ ਦੌਰਾਨ ਤੇ ਭਵਿੱਖ ਲਈ ਵੀ ਬਹੁਤ ਸਾਰਥਕਤਾ ਰੱਖਦੇ ਹਨ। ਅੱਜ ਸਾਡੀ ਧਰਤੀ ਵਿਸ਼ਵਵਿਆਪੀ ਤਾਪਮਾਨ ਵਾਧਾ, ਗ੍ਰੀਨ ਹਾਊਸ ਪ੍ਰਭਾਵ, ਓਜ਼ੋਨ ਪਰਤ ਵਿਚ ਮਘੋਰੇ, ਜੰਗਲਾਂ ਦੀ ਤਬਾਹੀ, ਭੂ ਖੋਰ, ਹਵਾ, ਪਾਣੀ ਤੇ ਭੂਮੀ ਪ੍ਰਦੂਸ਼ਣ, ਆਵਾਜ਼ੀ ਤੇ ਰੇਡਿਓ ਐਕਟਿਵ ਵਿਕਿਰਣ ਦਾ ਸ਼ਿਕਾਰ ਬਣ ਚੁੱਕੀ ਹੈ। ਦਿਨੋਂ ਦਿਨ ਇਹ ਸੰਕਟ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ। ਜੇ ਅਜਿਹੇ ਮੁਸ਼ਕਲਾਂ ਭਰੇ ਹਾਲਾਤਾਂ ਦਾ ਸਮੇਂ ਸਿਰ ਸਹੀ ਇਲਾਜ ਨਹੀਂ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦ ਸਾਡੀ ਧਰਤੀ ਜੀਵਨ ਤੋਂ ਸੱਖਣੇ ਮਾਰੂਥਲ ਵਿਚ ਬਦਲ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਅਤੇ ਕੁਦਰਤ ਦੀ ਪ੍ਰਸਪਰ ਨਿਰਭਰਤਾ ਦੀ ਦੱਸ ਪਾਈ ਗਈ ਹੈ। ਗੁਰੂ ਨਾਨਕ ਦੇਵ ਜੀ ਆਪਣੀ ਪ੍ਰਸਿੱਧ ਰਚਨਾ 'ਜਪੁਜੀ' ਵਿਚ ਅਜਿਹੀ ਸੰਬੰਧਤਾ ਦਾ ਜ਼ਿਕਰ ਕਰਦੇ ਹਨ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।। (ਅੰਗ 8)

ਇਹ ਬਹੁਤ ਹੀ ਹੇਰਾਨੀ ਵਾਲੀ ਗੱਲ ਹੈ ਕਿ ਮਨੁੱਖ ਪਿਛਲੇ ਲਗਭਗ 100 ਸਾਲਾਂ ਤੋਂ ਹੀ ਵਾਤਾਵਰਣੀ ਪ੍ਰਦੂਸ਼ਣ ਅਤੇ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਵਧੇਰੇ ਚੇਤੰਨ ਹੋਇਆ ਹੈ। ਪਰ ਗੁਰਬਾਣੀ ਵਿਚ ਅਜਿਹੇ ਹਾਲਾਤਾਂ ਬਾਰੇ ਵਿਚਾਰ, ਅੱਜ ਤੋਂ ਲਗਭਗ ਕਈ ਸਾਲ ਪਹਿਲਾਂ ਹੀ ਅੰਕਿਤ ਕਰ ਦਿੱਤੇ ਗਏ ਸਨ। ਗੁਰਬਾਣੀ ਦਾ ਕਥਨ ਹੈ:

ਸੂਤਕੁ ਅਗਨਿ ਭਖੈ ਜਗੁ ਖਾਇ।।

ਸੂਤਕੁ ਜਲਿ ਥਲਿ ਸਭ ਹੀ ਥਾਇ।।

ਭਗਤ ਕਬੀਰ ਜੀ ਦਾ ਕਥਨ ਹੈ:

ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ।। (ਅੰਗ 413)

ਪ੍ਰਦੂਸ਼ਣ ਭਰੇ ਹਾਲਤਾਂ ਨਾਲ ਨਜਿੱਠਣ ਲਈ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਸਾਨੂੰ ਸੁਯੋਗ ਰਾਹ ਸੁਝਾਉਂਦੀ ਹੈ। ਗੁਰੂ ਜੀ ਬਿਆਨ ਕਰਦੇ ਹਨ ਕਿ ਪ੍ਰਦੂਸ਼ਣ ਭਰੇ ਹਾਲਤਾਂ ਦੇ ਹੱਲ ਲਈ ਸਭ ਤੋਂ ਪਹਿਲਾਂ ਤਾਂ ਸਾਨੂੰ ਪ੍ਰਦੂਸ਼ਣ ਦੇ ਕਾਰਣਾਂ, ਪ੍ਰਭਾਵਾਂ ਅਤੇ ਰੋਕਥਾਮ ਕਾਰਜਾਂ ਦਾ ਗਿਆਨ ਹਾਸਿਲ ਕਰਨਾ ਅਤਿ ਜ਼ਰੂਰੀ ਹੈ। ਇਸ ਉਪਰੰਤ ਰੋਕਥਾਮ ਕਾਰਜਾਂ ਸੰਬੰਧਿਤ ਸੁਯੋਗ ਅਮਲੀ ਕਾਰਜ ਕਰਕੇ ਹੀ ਅਸੀਂ ਇਸ ਹਾਲਤਾਂ ਵਿਚ ਸੁਧਾਰ ਕਰ ਸਕਦੇ ਹਾਂ। ਗੁਰੂ ਸਾਹਿਬ ਜੀ ਦਾ ਕਥਨ ਹੈ:

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।। (ਅੰਗ 472)

ਅੱਜ ਸੰਸਾਰ ਵਿਚ ਵੱਖ-ਵੱਖ ਦੇਸ਼ਾਂ ਦੇ ਸੂਝਵਾਨ ਲੋਕਾਂ ਦੁਆਰਾ ਸ਼ਾਂਤੀ ਨਾਲ ਮਿਲ-ਬੈਠ ਕੇ ਸਮੱਸਿਆਵਾਂ ਨੂੰ ਸੁਲਝਾਉਣ ਦੀ ਗੱਲ ਕੀਤੀ ਜਾ ਰਹੀ ਹੈ ਪਰ ਅੱਜ ਤੋਂ ਕਈ ਸਾਲ ਪਹਿਲਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਿੱਧਾਂ, ਜੋਗੀਆਂ, ਪੰਡਤਾਂ, ਮੁੱਲਾਂ-ਮੁਲਾਣਿਆਂ, ਵੈਸ਼ਨਵ ਭਗਤਾਂ ਤੇ ਹੋਰ ਧਾਰਮਿਕ ਆਗੂਆਂ ਨਾਲ ਅੰਤਰ-ਧਰਮ ਸੰਵਾਦ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਗੁਰੂ ਸਾਹਿਬ ਜੀ ਬਿਆਨ ਕਰਦੇ ਹਨ ਕਿ ਸਰਬੱਤ ਦਾ ਭਲਾ ਉਥੇ ਨਹੀਂ ਹੋ ਸਕਦਾ ਜਿਥੇ ਆਪਣੇ ਪਰਾਏ ਦਾ ਵਿਤਕਰਾ ਹੋਵੇ। ਜਿਥੋਂ ਵੀ ਮਾਨਵ ਸਮਾਜ ਦੀ ਬਿਹਤਰੀ ਹੋ ਸਕਦੀ ਹੋਵੇ ਉਸਨੂੰ ਜੀ ਆਇਆਂ ਕਹਿਣਾ ਚਾਹੀਦਾ। ਈਰਖਾ,

ਦੁਸ਼ਮਣੀਆਂ, ਖ਼ੁਦਗਰਜ਼ੀਆਂ, ਤੰਗ ਨਜ਼ਰੀ ਦੀ ਅੱਗਾਂ ਵਿਚ ਜਲਦੇ ਸੰਸਾਰ ਲਈ ਗੁਰੂ ਗ੍ਰੰਥ ਸਾਹਿਬ ਵਿਚ ਅਪੀਲ ਅਤੇ ਪ੍ਰਾਰਥਨਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਅਨੁਸਾਰ ਮਨੁੱਖਾਂ ਅੰਦਰ ਨਫ਼ਰਤ, ਝਗੜੇ ਤੇ ਵਖ਼ਰੇਵੇਂ ਆਦਿ ਮਨੁੱਖੀ ਬੌਧਿਕਤਾ ਦੇ ਬੜੇ ਹੇਠਲੇ ਧਰਾਤਲ ਦੀਆਂ ਗੱਲਾਂ ਹਨ। ਇਸ ਲਈ ਗੁਰੂ ਸਾਹਿਬ ਜੀ ਆਪਣੀ ਬਾਣੀ ਅੰਦਰ ਮਨੁੱਖ ਦਾ ਬੌਧਿਕ ਪੱਧਰ ਉੱਚਾ ਚੁੱਕ ਕੇ ਉਸ ਨੂੰ ਅਧਿਆਤਮਿਕ ਮੰਡਲ ਦਾ ਵਾਸੀ ਬਣਨ ਵੱਲ ਪ੍ਰੇਰਿਤ ਕਰਦੇ ਹਨ। ਇਸ ਅਵਸਥਾ ਵਿਚ ਪਹੁੰਚ ਕੇ ਜਗਿਆਸੂ ਨੂੰ 'ਜੋ ਦੀਸੈ ਸੋ ਰੇਤਾ' ਰੂਪ ਨਜ਼ਰੀ ਆਉਣ ਲੱਗਦਾ ਹੈ। ਉਸ ਨੂੰ ਆਪਣੀ ਅਤੇ ਦੂਸਰਿਆਂ ਦੀ ਹੋਂਦ ਵਿਚ ਕੋਈ ਫ਼ਰਕ ਨਹੀਂ ਦਿਸਦਾ। ਗੁਰੂ ਸਾਹਿਬ ਜੀ ਨੇ ਸਭ ਨੂੰ ਇੱਕੋ ਪਰਮਾਤਮਾ ਦੇ ਜੀਵ ਦੱਸ ਕੇ ਮਨੁੱਖੀ ਏਕਤਾ, ਮਨੁੱਖੀ ਬਰਾਬਰਤਾ, ਮਨੁੱਖੀ ਸਦਭਾਵਨਾ ਦਾ ਉਪਦੇਸ਼ ਦਿੱਤਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਾਰੀ ਬਾਣੀ ਮਨੁੱਖੀ ਸਦਭਾਵਨਾ ਲਈ ਪ੍ਰੇਰਨਾ ਸ੍ਰੋਤ ਹੈ। ਸਮਾਜ ਅੰਦਰ ਫ਼ੈਲੀ ਜਾਤ-ਪਾਤ ਬਾਰੇ ਗੁਰੂ ਸਾਹਿਬ ਜੀ ਦਾ ਵਿਚਾਰ ਹੈ:

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ।।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।। (ਅੰਗ 1330)

ਸੋ ਭਾਈਚਾਰਕ ਸਾਂਝ ਸਥਾਪਿਤ ਕਰਨ ਲਈ ਧਰਮਾਂ ਵਿਚ ਪਾਏ ਭੁਲੇਖਿਆਂ ਨੂੰ ਦੂਰ ਕਰ ਕੇ ਦੂਸਰਿਆਂ ਦੇ ਆਸੇ ਨੂੰ ਸਮਝਣ ਅਤੇ ਧਰਮ ਦੀ ਅਸਲੀ ਰੂਹ ਨੂੰ ਜਾਣਨ ਲਈ ਅੰਤਰਗਤ ਸੂਝ (Interfaith understanding) ਬਹੁਤ ਜ਼ਰੂਰੀ ਹੈ। ਅੰਤਰਮਤ ਸੂਝ ਲਈ ਜਿੱਥੇ ਹੋਰ ਕਈ ਤਰੀਕੇ ਸੰਭਵ ਹੋ ਸਕਦੇ ਹਨ, ਉੱਥੇ ਅੰਤਰਮਤ ਸੰਵਾਦ (Interfaith Dialogue) ਸਭ ਤੋਂ ਜ਼ਿਆਦਾ ਕਾਰਗਰ ਸਿੱਧ ਹੋ ਕੇ ਕੋਈ ਰੌਸ਼ਨੀ ਦੀ ਕਿਰਨ ਦਿਖਾ ਸਕਦਾ ਹੈ। ਇਸ ਸੰਬੰਧ ਵਿਚ Dr.Hanskung ਲਿਖਦੇ ਹਨ:

There will be no peace among the nations without peace among the religions. There will be no peace among the religions without dialogue among the religions.

ਇਸ ਕਥਨ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਹਿ-ਹੋਂਦ ਲਈ ਦਰਸਾਈ ਗਈ ਅੰਤਰਮਤ ਸੂਝ ਅਤੇ ਅੰਤਰਮਤ ਸੰਵਾਦ ਦਾ ਤੱਤਸਾਰ ਸਮੋਇਆ ਹੋਇਆ ਹੈ।

ਜਦੋਂ ਮਨੁੱਖ ਨੂੰ ਇਸ਼ਟ ਏਕਤਾ ਦਾ ਅਹਿਸਾਸ ਹੋ ਜਾਵੇ ਤਾਂ ਫ਼ਿਰ ਮਨੁੱਖ ਆਪਣੇ ਮਨ ਵਿਚੋਂ ਊਚ-ਨੀਚ, ਜਾਤ-ਪਾਤ, ਵੈਰ-ਵਿਰੋਧ, ਨਫ਼ਰਤ ਨੂੰ ਖ਼ਤਮ ਕਰ ਕੇ ਆਪਣੇ ਅੰਦਰ ਸਰਬ-ਸਾਂਝੀਵਾਲਤਾ ਦਾ ਅਹਿਸਾਸ ਜਗਾਉਂਦਾ ਹੈ। ਫ਼ਿਰ ਉਹ ਕਿਸੇ ਵਿਸ਼ੇਸ਼ ਧਰਮ ਅਕੀਦੇ ਨਾਲ ਜੁੜਿਆ ਹੋਣ ਦੇ ਨਾਲ-ਨਾਲ ਪਹਿਲਾਂ ਮਨੁੱਖਤਾਵਾਦੀ ਹੁੰਦਾ ਹੈ। ਸਮੁੱਚੀ ਮਨੁੱਖਤਾ ਦਾ ਦਰਦ ਉਸ ਦਾ ਆਪਣਾ ਦਰਦ ਬਣ ਜਾਂਦਾ ਹੈ। ਜਦੋਂ ਮਨੁੱਖ ਦੇ ਅੰਦਰ ਮਨੁੱਖਤਾ ਦਾ ਦਰਦ ਪੈਦਾ ਹੋ ਜਾਵੇ ਤਾਂ ਉਹ ਗੁਰੂ ਨਾਨਕ ਸਾਹਿਬ ਦੇ ਆਸ਼ਿਆਂ ਵਾਲਾ ਆਦਰਸ਼ਕ ਮਨੁੱਖ ਬਣ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

2. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

3. ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ (ਖੋਜ ਪ੍ਰਤਿਕਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

4. ਡਾ. ਦਰਸ਼ਨ ਸਿੰਘ, ਗੁਰੂ ਨਾਨਕ ਬਾਣੀ: ਸੰਚਾਰ ਜੁਗਤਾਂ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1992.

5. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਬਾਣੀ, ਭਾਸ਼ਾ ਵਿਭਾਗ ਪਟਿਆਲਾ, 1968.

6. ਰੁਪਿੰਦਰਜੀਤ ਸਿੰਘ, ਗੁਰੂ ਨਾਨਕ ਬਾਣੀ ਸਮਾਜ ਸਭਿਆਚਾਰਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.